# मेरे लाडले लाल दे लाल

ਮੇਰੇ ਲਾਡਲੇ, ਲਾਲ ਦੇ ਲਾਲ x||
^ਸਦਕੇ, ਮੈਂ ਜਾਵਾਂ,,,
ਦੱਸੋ ਖੋਲ੍ਹ ਕੇ, ਦਿਲਾਂ ਦਾ ਹਾਲ ||,
^ਸਦਕੇ, ਮੈਂ ਜਾਵਾਂ,,,
ਮੇਰੇ ਲਾਡਲੇ, ਲਾਲ ਦੇ ਲਾਲ x||

ਸੂਬੇ ਨੇ ਕਚਹਿਰੀ ਵਿੱਚ*, ਕਹਿਰ ਕੀ ਗੁਜ਼ਾਰਿਆ x||
ਚੰਗਾ ਹੋਇਆ ਬੀਬਾ, ਤੁਸਾਂ ਹੌਂਸਲਾ ਨਹੀਂ ਹਾਰਿਆ ।
ਤੁਹਾਡੇ ਚੇਹਰਿਆਂ ਤੇ, ਵੱਖਰਾ ਜਲਾਲ ||,
^ਸਦਕੇ, ਮੈਂ ਜਾਵਾਂ,,,
ਮੇਰੇ ਲਾਡਲੇ, ਲਾਲ ਦੇ ਲਾਲ x||

ਵੱਡੇ ਵੀਰ ਤੁਸਾਂ ਦੇ*, ਸ਼ਹੀਦ ਹੋਏ ਹੱਸ ਕੇ x||
ਹੋਣੀ ਨੇ ਕਲੇਜ਼ੇ ਤੀਰ, ਮਾਰੇ ਹੱਸ ਹੱਸ ਕੇ ।
ਬੜੀ ਔਖੀ, ਸਿੱਖੀ ਦੀ ਘਾਲ ||,
^ਸਦਕੇ, ਮੈਂ ਜਾਵਾਂ,,,
ਮੇਰੇ ਲਾਡਲੇ, ਲਾਲ ਦੇ ਲਾਲ x||

ਹਾਏ ਮੇਰੇ ਲਾਡਲੇ*, ਜ਼ਲਾਦ ਕੋਲੋਂ ਆਏ ਨੇ x||
ਅੱਗ ਦੇ ਪਲੀਤੇ, ਕੀਹਨੇ ਹੱਥਾਂ ਵਿੱਚ ਲਾਏ ਨੇ
ਕਿੰਝ ਬੀਤੀ, ਤੁਸਾਂ ਦੇ ਨਾਲ ||,
^ਸਦਕੇ, ਮੈਂ ਜਾਵਾਂ,,,
ਮੇਰੇ ਲਾਡਲੇ, ਲਾਲ ਦੇ ਲਾਲ x||

ਸੂਬੇ ਦੀ ਕਚਹਿਰੀ ਵਿੱਚ*, ਜ਼ਰਾ ਵੀ ਨਾ ਡੋਲਿਓ x||
ਵਾਹਿਗੁਰੂ ਵਾਹਿਗੁਰੂ, ਵਾਰ ਵਾਰ ਬੋਲਿਓ ।
ਨਾਲੇ ਦਾਦੇ ਵੱਲ, ਰਖਿਓ ਖਿਆਲ ||,
^ਸਦਕੇ, ਮੈਂ ਜਾਵਾਂ,,,
ਮੇਰੇ ਲਾਡਲੇ ਲਾਲ ਦੇ ਲਾਲ x||

ਅਪਲੋਡਰ- ਅਨਿਲਰਾਮੂਰਤੀਭੋਪਾਲ

https://alltvads.com/bhajan/lyrics/id/25144/title/mere-ladle-laal-de-laal

अपने Android मोबाइल पर BhajanGanga App डाउनलोड करें और भजनों का आनंद ले |